# SET 2013

## PAPER – II

## PUNJABI

| | |
|---|---|
| Signature of the Invigilator | Question Booklet No. .................................. |
| 1. | OMR Sheet No.. .................................. |
| **Subject Code** 32 | **ROLL No.** |
| **Time Allowed : 75 Minutes** | **Max. Marks : 100** |
| No. of pages in this Booklet : **7** | No. of Questions : **50** |

**INSTRUCTIONS FOR CANDIDATES**

1. Write your Roll No and the OMR Sheet No in the spaces provided on top of this page.
2. Fill in the necessary information in the spaces provided on the OMR response sheet.
3. This booklet consists of fifty (50) compulsory questions each carrying 2 marks.
4. Examine the question booklet carefully and tally the number of pages/questions in the booklet with the information printed above. **Do not accept a damaged or open booklet**. Damaged or faulty booklet may be got replaced within the first **5** minutes. Afterwards, neither the Question Booklet will be replaced nor any extra time given.
5. Each Question has four alternative responses marked (A), (B), (C) and (D) in the OMR sheet. You have to completely darken the circle indicating the most appropriate response against each item as in the illustration.

   (A) (B) ● (D)

6. All entries in the common OMR response sheet for Papers I and II are to be recorded in the original copy only.
7. Use only Blue/Black Ball point pen.
8. Rough Work is to be done on the blank pages provided at the end of this booklet.
9. If you write your Name, Roll Number, Phone Number or put any mark on any part of the OMR Sheet, except in the spaces allotted for the relevant entries, which may disclose your identity, or use abusive language or employ any other unfair means, you will render yourself liable to disqualification.
10. You have to return the Original OMR Sheet to the invigilators at the end of the examination compulsorily and must not carry it with you outside the Examination Hall. **You are, however, allowed to carry the test booklet and the duplicate copy of OMR Sheet** on conclusion of examination.
11. Use of any calculator, mobile phone or log table etc. is strictly prohibited.
12. **There is no negative marking.**

**32-13**

## PUNJABI
## PAPER-II

**ਨੋਟ :–** ਇਸ ਪ੍ਰਸ਼ਨ ਪੱਤਰ ਵਿੱਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ। **ਸਾਰੇ** ਪ੍ਰਸ਼ਨਾਂ ਦੇ ਉੱਤਰ ਦਿਓ :

1. ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਹੈ :
   (A) ਧੁਨੀ (B) ਧੁਨੀ ਬਿੰਬ
   (C) ਧੁਨੀਮ (D) ਧੁਨੀ ਚਿੰਨ੍ਹ

2. ਭਾਸ਼ਾ :
   (A) ਅਰਥ ਪ੍ਰਬੰਧ ਹੈ (B) ਰੂਪੀਮ ਪ੍ਰਬੰਧ ਹੈ
   (C) ਚਿੰਨ੍ਹ ਪ੍ਰਬੰਧ ਹੈ (D) ਅੱਖਰ ਪ੍ਰਬੰਧ ਹੈ

3. ਲੈਂਗ ਭਾਸ਼ਾ ਦਾ ਕਿਹੜਾ ਰੂਪ ਹੈ :
   (A) ਵਿਅਕਤੀਗਤ (B) ਸਮੂਹਿਕ
   (C) ਸਭਿਆਚਾਰਕ (D) ਸ੍ਵੈ-ਇਛਿਤ

4. ਭਾਸ਼ਾ ਵਿੱਚ ਸ਼ਬਦ ਤੇ ਅਰਥ ਦਾ ਸੰਬੰਧ ਹੈ :
   (A) ਆਪਹੁਦਰਾ (B) ਕੁਦਰਤੀ
   (C) ਨਿਆਇ ਯੁਕਤ (D) ਵਿਆਕਰਣਕ

5. ਲਿਪੀ ਹੈ :
   (A) ਵਿਆਕਰਣਕ ਪ੍ਰਬੰਧ (B) ਸ਼ਬਦ ਪ੍ਰਬੰਧ
   (C) ਧੁਨੀ ਪ੍ਰਬੰਧ (D) ਅੱਖਰ ਪ੍ਰਬੰਧ

6. 'ਬਾਹਰੇ' ਤੇ 'ਬਹਾਰੇ' ਵਿੱਚ ਅੰਤਰ ਹੈ :
   (A) ਸੰਗਮ (B) ਸੁਰ
   (C) ਵਾਕ ਸੁਰ (D) ਬਲ

7. ਕਿਹੜਾ ਜੁੱਟ ਸਹੀ ਹੈ ?
   (A) ਕੋਡ ਅਤੇ ਸੰਦੇਸ਼ : ਨੌਮ ਚਮਸਕੀ
   (B) ਯੋਗਤਾ ਅਤੇ ਨਿਭਾਉ : ਸੋਸਿਊਰ
   (C) ਗਹਿਨ ਸੰਰਚਨਾ ਤੇ ਸਤਹੀ ਸੰਰਚਨਾ : ਰੋਮਨ ਜੈਕਬਸਨ
   (D) ਬੁਣਤੀ ਤੇ ਬਣਤਰ : ਕਲੀਂਥ ਬਰੁਕਸ

8. ਕਿਹੜਾ ਸ਼ਬਦ ਪੰਜਾਬੀ ਵਿੱਚ ਸੰਬੰਧਕ ਸ਼੍ਰੇਣੀ ਦਾ ਮੈਂਬਰ ਨਹੀਂ ?
   (A) ਲਈ (B) ਨੂੰ
   (C) ਭਾਵੇਂ (D) ਤੋਂ

9. ਕਬੀਰ ਸਨਮਾਨ ਤੇ ਸਰਸਵਤੀ ਸਨਮਾਨ ਕਿਸ ਪੰਜਾਬੀ ਲੇਖਕ ਨੂੰ ਮਿਲੇ ਹਨ ?
   (A) ਕਰਤਾਰ ਸਿੰਘ ਦੁੱਗਲ (B) ਅੰਮ੍ਰਿਤਾ ਪ੍ਰੀਤਮ
   (C) ਹਰਿਭਜਨ ਸਿੰਘ (D) ਜਸਵੰਤ ਸਿੰਘ ਕੰਵਲ

10. ਸ਼ਬਦ ਸ਼ਕਤੀਆਂ ਦਾ ਸੰਬੰਧ ਕਿਸ ਸਿਧਾਂਤ ਨਾਲ ਹੈ ?
    (A) ਰਸ (B) ਧੁਨੀ
    (C) ਅਲੰਕਾਰ (D) ਰੀਤੀ

11. ਮਾਰਕਸ, ਏਂਗਲਜ਼ ਅਤੇ ਟੈਰੀ ਈਗਲਟਨ ਦਾ ਸੰਬੰਧ ਕਿਸ ਅਧਿਐਨ ਪ੍ਰਣਾਲੀ ਨਾਲ ਹੈ ?
    (A) ਮਾਰਕਸਵਾਦੀ (B) ਮਨੋਵਿਗਿਆਨਕ
    (C) ਸੁਹਜਵਾਦੀ (D) ਰੂਪਵਾਦੀ

12. ਰਿਸਾਲਾ 'ਪ੍ਰੀਤਲੜੀ' ਦਾ ਆਰੰਭ ਹੋਇਆ ਸੀ :
    (A) 1920 ਈ. ਵਿਚ (B) 1933 ਈ. ਵਿਚ
    (C) 1947 ਈ. ਵਿਚ (D) 1950 ਈ. ਵਿਚ

13. ਚਰਨਦਾਸ ਸਿੱਧੂ ਦੇ ਨਾਵਲਾਂ ਦਾ ਮੁੱਖ ਖੇਤਰ ਹੈ :
    (A) ਪੁਆਧ (B) ਦੁਆਬਾ
    (C) ਮਾਲਵਾ (D) ਮਾਝਾ

14. "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।" ਪੰਕਤੀ ਦਾ ਲੇਖਕ ਹੈ :

(A) ਗੁਰੂ ਨਾਨਕ (B) ਸ਼ੇਖ ਫਰੀਦ

(C) ਗੁਰੂ ਤੇਗ ਬਹਾਦਰ (D) ਭਗਤ ਕਬੀਰ

15. ਕਿਸ ਬਾਣੀ ਵਿੱਚ ਸੰਤ, ਬ੍ਰਹਮ ਗਿਆਨੀ ਅਤੇ ਗੁਰਮੁੱਖ ਆਦਿ ਪਦਵੀਆਂ ਦੀ ਮਹਿਮਾ ਹੈ ?

(A) ਜਪੁਜੀ ਸਾਹਿਬ (B) ਸੁਖਮਨੀ ਸਾਹਿਬ

(C) ਆਸਾ ਦੀ ਵਾਰ (D) ਜਾਪ ਸਾਹਿਬ

16. "ਪੁਰਸਲਾਤ" ਅਤੇ "ਅਨਲ ਹਕ" ਕਿਸ ਕਾਵਿ ਧਾਰਾ ਦੇ ਸੰਕਲਪ ਹਨ ?

(A) ਭਗਤੀ ਕਾਵਿ (B) ਵਾਰ ਕਾਵਿ

(C) ਕਿੱਸਾ ਕਾਵਿ (D) ਸੂਫੀ ਕਾਵਿ

17. 'ਹਮਦ' ਦਾ ਸੰਬੰਧ ਕਿਸ ਨਾਲ ਹੈ ?

(A) ਖ਼ੁਦਾ ਨਾਲ (B) ਰਸੂਲ ਨਾਲ

(C) ਮੁਰਸ਼ਦ ਨਾਲ (D) ਪੀਰ ਨਾਲ

18. ਸਾਹਿਤ-ਇਤਿਹਾਸ ਵਿੱਚ ਵਧੇਰੇ ਮਹੱਤਵਪੂਰਣ ਹਨ :

(A) ਭਾਸ਼ਾਈ ਤੱਥ (B) ਇਤਿਹਾਸਕ ਤੱਥ

(C) ਸਾਹਿਤਕ ਤੱਥ (D) ਸਮਾਜਿਕ ਤੱਥ

19. ਪੰਜਾਬੀ ਵਿੱਚ ਨਿਰੋਲ ਖੋਜ ਤੇ ਆਲੋਚਨਾ ਦਾ ਪੱਤਰ ਕਿਹੜਾ ਹੈ ?

(A) ਸਮਕਾਲੀ ਸਾਹਿਤ (B) ਸਮਦਰਸ਼ੀ

(C) ਸ਼ਬਦ-ਬੂੰਦ (D) ਖੋਜ ਦਰਪਣ

20. ਪੰਜਾਬੀ ਸਾਹਿਤ ਦਾ ਵਿਧਾਗਤ-ਇਤਿਹਾਸ ਕਿਸ ਸੰਸਥਾ ਵੱਲੋਂ ਪ੍ਰਕਾਸ਼ਿਤ ਹੋਇਆ ਹੈ ?

(A) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

(B) ਭਾਸ਼ਾ ਵਿਭਾਗ, ਪੰਜਾਬ

(C) ਪੰਜਾਬੀ ਅਕਾਡਮੀ, ਦਿੱਲੀ

(D) ਪੰਜਾਬੀ ਯੂਨੀਵਰਸਿਟੀ, ਪਟਿਆਲਾ

21. 'ਪਰਮ ਪੁਰਖ' ਅਤੇ 'ਵਿਸ਼ਵਨੂਰ' ਮਹਾਂ ਕਾਵਿ ਕਿਸ ਗੁਰੂ ਸਾਹਿਬ ਬਾਰੇ ਹਨ ?

(A) ਗੁਰੂ ਨਾਨਕ ਦੇਵ ਜੀ (B) ਗੁਰੂ ਅਰਜਨ ਦੇਵ ਜੀ

(C) ਗੁਰੂ ਤੇਗ ਬਹਾਦਰ ਜੀ (D) ਗੁਰੂ ਗੋਬਿੰਦ ਸਿੰਘ ਜੀ

22. ਕਲਚਰਲ ਅਕੈਡਮੀ, ਜੰਮੂ ਵਲੋਂ ਪ੍ਰਕਾਸ਼ਿਤ ਪੁਸਤਕਾਂ 'ਸਰਬਤ ਦਾ ਭਲਾ' ਤੇ 'ਜੰਦਰੇ ਵਾਲਾ ਸਿਰ' ਕੀ ਹਨ ?

(A) ਲੋਕ ਗੀਤ (B) ਬੁਝਾਰਤਾਂ

(C) ਲੋਕ ਅਖਾਣ (D) ਲੋਕ ਕਹਾਣੀਆਂ

23. ਲੂਣਾਂ ਨੂੰ ਪਹਿਲੀ ਵਾਰ ਮਿਲਣ ਸਮੇਂ ਸ਼ਿਵ ਕੁਮਾਰ ਨੇ ਪੂਰਨ ਦੀ ਉਮਰ ਕਿੰਨੀ ਦੱਸੀ ਹੈ ?

(A) ਬਾਰਾਂ ਸਾਲ (B) ਸੋਲਾਂ ਸਾਲ

(C) ਅਠਾਰਾਂ ਸਾਲ (D) ਬਾਈ ਸਾਲ

24. 'ਲਾਲਾ ਕਿਰਪਾ ਸਾਗਰ : ਜੀਵਨ ਤੇ ਰਚਨਾ' ਦਾ ਸੰਪਾਦਕ ਹੈ :

(A) ਰਾਏ ਜਸਬੀਰ ਸਿੰਘ (B) ਜਸਬੀਰ ਸਿੰਘ ਸਾਬਰ

(C) ਜਸਬੀਰ ਸਿੰਘ ਸਰਨਾ (D) ਪਿਆਰਾ ਸਿੰਘ ਪਦਮ

25. 'ਗੁਰ ਸ਼ਬਦ ਰਤਨ ਪ੍ਰਕਾਸ਼' ਕਿਸਦੀ ਰਚਨਾ ਹੈ ?

(A) ਕਾਨ੍ਹ ਸਿੰਘ ਨਾਭਾ

(B) ਤਾਰਾ ਸਿੰਘ ਨਰੋਤਮ

(C) ਗੁਰਚਰਨ ਸਿੰਘ ਗੁਲਸ਼ਨ

(D) ਅਕਾਲੀ ਕੌਰ ਸਿੰਘ

26. 'ਯੋਗ ਵਿਸ਼ਿਸ਼ਟ' ਅਤੇ 'ਪਾਰਸ ਭਾਗ' ਵਿਚਕਾਰ ਕੀ ਸਮਾਨਤਾ ਹੈ ?

(A) ਦੋਵੇਂ ਇਕ ਕਵੀ ਦੀ ਰਚਨਾ ਹਨ

(B) ਦੋਵੇਂ ਇਕ ਵਾਰਤਕਕਾਰ ਦੀ ਰਚਨਾ ਹਨ

(C) ਦੋਵੇਂ ਅਨੁਵਾਦਿਤ ਗ੍ਰੰਥ ਹਨ

(D) ਇਨ੍ਹਾਂ ਵਿੱਚੋਂ ਕੋਈ ਵੀ ਸਹੀ ਨਹੀਂ

27. 'ਗੁਰੂ ਗ੍ਰੰਥ ਸਾਹਿਬ' ਵਿੱਚ ਕਿਸ ਗੁਰੂ ਸਾਹਿਬ ਦੀਆਂ ਸੱਭ ਤੋਂ ਵੱਧ ਵਾਰਾਂ ਹਨ ?

(A) ਗੁਰੂ ਨਾਨਕ ਦੇਵ ਜੀ (B) ਗੁਰੂ ਅੰਗਦ ਦੇਵ ਜੀ

(C) ਗੁਰੂ ਅਮਰਦਾਸ ਜੀ (D) ਗੁਰੂ ਰਾਮਦਾਸ ਜੀ

28. ਗੁਰੂ ਗ੍ਰੰਥ ਸਾਹਿਬ ਵਿੱਚ ਕਿਸ ਭਗਤ ਦੀ ਬਾਣੀ ਸੱਭ ਨਾਲੋਂ ਵੱਧ ਹੈ ?

(A) ਭਗਤ ਕਬੀਰ ਜੀ (B) ਭਗਤ ਨਾਮਦੇਵ ਜੀ

(C) ਭਗਤ ਰਵਿਦਾਸ ਜੀ (D) ਭਗਤ ਧੰਨਾ ਜੀ

29. ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼ ਦਾ ਕਰਤਾ ਹੈ :

(A) ਰਾਜਿੰਦਰ ਸਿੰਘ (B) ਗੁਰਚਰਨ ਸਿੰਘ ਗੁਲਸ਼ਨ

(C) ਜਸਬੀਰ ਸਿੰਘ ਸਰਨਾ (D) ਪ੍ਰੋ. ਸੇਵਾ ਸਿੰਘ

30. ਅਗਰਾ, ਤੇਜ ਭਾਨ ਅਤੇ ਜਸੋਧਾ ਨੰਦਨ ਕਿਸ ਕਾਵਿ ਧਾਰਾ ਦੇ ਕਵੀ ਹਨ ?

(A) ਵਾਰ ਕਾਵਿ ਧਾਰਾ (B) ਸੂਫੀ ਕਾਵਿ ਧਾਰਾ

(C) ਕਿੱਸਾ ਕਾਵਿ ਧਾਰਾ (D) ਪ੍ਰਗਤੀਵਾਦੀ ਕਾਵਿ ਧਾਰਾ

31. ਰਾਗਾਂ ਅਤੇ ਬਾਣੀਕਾਰਾਂ ਦਾ ਕਿਹੜਾ ਜੁੱਟ ਸਹੀ ਹੈ ?

(A) ਪੰਝੀ ਅਤੇ ਤੀਹ (B) ਇਕੱਤੀ ਅਤੇ ਛੱਤੀ

(C) ਛੱਤੀ ਅਤੇ ਅਠੱਤੀ (D) ਅਠੱਤੀ ਅਤੇ ਚਾਲੀ

32. ਕਿਸ ਕਵੀ ਨੂੰ ਪੰਜਾਬੀਅਤ ਦਾ ਕਵੀ ਕਿਹਾ ਜਾਂਦਾ ਹੈ ?

(A) ਹਾਸ਼ਮ (B) ਸ਼ਾਹ ਮੁਹੰਮਦ

(C) ਕਾਦਰਯਾਰ (D) ਅਹਿਮਦ ਯਾਰ

33. ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਕਿਸ ਕਾਲ-ਖੰਡ ਨੂੰ ਸੁਨਹਿਰੀ ਕਾਲ ਕਿਹਾ ਜਾਂਦਾ ਹੈ ?

(A) ਪੂਰਵ ਨਾਨਕ ਕਾਲ (B) ਵਾਰਿਸ ਕਾਲ

(C) ਗੁਰੂ ਨਾਨਕ ਕਾਲ (D) ਸੰਕ੍ਰਾਂਤੀ ਕਾਲ

34. ਕਿਸ ਪੰਜਾਬੀ ਨਾਵਲਕਾਰ ਦੇ ਨਾਵਲਾਂ ਦੇ ਨਾਵਾਂ ਵਿੱਚ ਵਿਰੋਧੀ ਸ਼ਬਦ ਬਹੁਲਤਾ ਵਿੱਚ ਮਿਲਦੇ ਹਨ ?

(A) ਭਾਈ ਵੀਰ ਸਿੰਘ (B) ਨਾਨਕ ਸਿੰਘ

(C) ਜਸਵੰਤ ਸਿੰਘ ਕੰਵਲ (D) ਭਾਈ ਮੋਹਨ ਸਿੰਘ ਵੈਦ

35. 'ਕਲਾਕਾਰ' ਨਾਟਕ ਦੀ ਕਹਾਣੀ ਆਧਾਰਿਤ ਹੈ :

(A) ਸ਼ਿਵ ਜੀ ਅਤੇ ਪਾਰਬਤੀ ਦੀ

(B) ਸ੍ਰੀ ਰਾਮ ਚੰਦਰ ਜੀ ਅਤੇ ਸੀਤਾ ਜੀ

(C) ਇੰਦਰ, ਅਹੱਲਿਆ ਅਤੇ ਗੌਤਮ ਰਿਖੀ

(D) ਸ੍ਰੀ ਕ੍ਰਿਸ਼ਨ ਅਤੇ ਰੁਕਮਣੀ

36. 'ਏਹੁ ਹਮਾਰਾ ਜੀਵਣਾ' ਦਾ ਰੂਪਾਕਾਰ ਹੈ :

(A) ਨਾਟਕ (B) ਸ੍ਵੈਜੀਵਨੀ

(C) ਸੰਸਮਰਣ (D) ਨਾਵਲ

37. ਕਿਸ ਵਾਰਤਕ ਲੇਖਕ ਦੀਆਂ ਪੁਸਤਕਾਂ ਦੇ ਸਿਰਲੇਖਾਂ ਵਿੱਚ ਜਿੰਦਗੀ ਸ਼ਬਦ ਬਹੁਲਤਾ ਵਿੱਚ ਆਉਂਦਾ ਹੈ ?

(A) ਗੁਰਬਖਸ਼ ਸਿੰਘ ਪ੍ਰੀਤਲੜੀ

(B) ਪ੍ਰੋ. ਪੂਰਨ ਸਿੰਘ

(C) ਕਪੂਰ ਸਿੰਘ

(D) ਪ੍ਰੋ. ਸਾਹਿਬ ਸਿੰਘ

38. ਕਿਹੜੀ ਰਚਨਾ ਵਰਣਮਾਲਾ ਉਪਰ ਆਧਾਰਿਤ ਨਹੀਂ ਹੁੰਦੀ ?

(A) ਗਜ਼ਲ (B) ਬਾਵਨ ਅੱਖਰੀ

(C) ਪੱਟੀ (D) ਸੀਹਰਫੀ

39. ਟੈਬੂ ਤੋਂ ਕੀ ਭਾਵ ਹੈ ?

(A) ਸਭਿਆਚਾਰਕ ਵਰਜਨਾ

(B) ਸਭਿਆਚਾਰਕ ਪ੍ਰਵਾਨਗੀ

(C) ਸਭਿਆਚਾਰਕ ਮਾਨਸਿਕਤਾ

(D) ਸਭਿਆਚਾਰਕ ਵਿਗਾੜ

40. ਜੰਞ ਬੰਨਣੀ ਹੈ :

(A) ਨਾਚ ਹੈ (B) ਸੰਸਕਾਰ ਹੈ

(C) ਰਸਮ ਹੈ (D) ਖੇਡ ਹੈ

41. ਅਵਤਾਰ ਸਿੰਘ ਦਲੇਰ ਦੀ ਪੁਸਤਕ ਹੈ :

(A) 'ਪੰਜਾਬੀ ਲੋਕ ਗੀਤ : ਬਣਤਰ ਤੇ ਵਿਕਾਸ'

(B) ਮੌਲੀ ਤੇ ਮਹਿੰਦੀ

(C) ਪੰਜਾਬ ਦੀ ਆਵਾਜ਼

(D) ਵਿਰਸੇ ਦੀ ਫੁਲਕਾਰੀ

42. ਪੰਜਾਬ ਦੀਆਂ ਲੋਕ-ਖੇਡਾਂ ਦਾ ਕਿਹੜਾ ਜੁੱਟ ਸਹੀ ਹੈ ?

(A) ਕੁਸ਼ਤੀ, ਗੁੱਲੀ-ਡੰਡਾ, ਹਾਕੀ

(B) ਕਬੱਡੀ, ਖਿੱਦੋ-ਖੂੰਡੀ, ਅੱਡੀ ਟੱਪਾ

(C) ਸੌਂਚੀ ਪੱਤੀ, ਫੁਟਬਾਲ, ਲੁਕਣ ਮੀਟੀ

(D) ਛਾਲ, ਭੰਡਾ-ਭੰਡਾਰੀਆ, ਵਾਲੀਬਾਲ

43. ਅਰਥਾਂ ਨੂੰ ਮੁੱਖ ਰੱਖ ਕੇ ਸਹੀ ਤਰਤੀਬ ਲਿਖੋ :

(A) ਬੀੜਾ ਚੁੱਕਣਾ- ਸੰਕਲਪ ਲੈਣਾ

(B) ਪੱਗ ਵਟਾਉਣਾ- ਬਲਿਹਾਰੇ ਜਾਣਾ

(C) ਪਾਣੀ ਵਾਰਨਾ- ਨਾਤਾ ਜੋੜਨਾ

(D) ਘੜਾ ਭੰਨਣਾ - ਨਾਤਾ ਤੋੜਨਾ

44. 'ਪੱਲੇ ਨਹੀਂ ਧੇਲਾ, ਕਰਦੀ ਮੇਲਾ ਮੇਲਾ' ਕੀ ਹੈ ?

(A) ਬੁਝਾਰਤ (B) ਟੱਪਾ

(C) ਅਖਾਣ (D) ਮੁਹਾਵਰਾ

45. ਗੁੜਤੀ ਦੀ ਰਸਮ ਵਿੱਚ ਕਿਹੜਾ ਵਿਸ਼ਵਾਸ ਕਾਰਜਸ਼ੀਲ ਹੈ :

(A) ਨਜ਼ਰ ਤੋਂ ਬਚਾਅ

(B) ਲੋਕ ਚਕਿਤਸਾ ਦੀ ਇਕ ਵਿਧੀ

(C) ਵਿਅਕਤੀ ਵਿਸ਼ੇਸ਼ ਨੂੰ ਮਾਨਤਾ ਜਾਂ ਆਦਰ

(D) ਨਵੇਂ ਜੰਮੇ ਬੱਚੇ ਦੀ ਖੁਰਾਕ

46. ਕੰਜਕਾਂ ਕਦੋਂ ਪੂਜੀਆਂ ਜਾਂਦੀਆਂ ਹਨ ?

(A) ਸਰਾਧਾਂ ਵਿੱਚ (B) ਤੀਆਂ ਵਿੱਚ

(C) ਦੁਰਗਾ ਪੂਜਾ ਦੌਰਾਨ (D) ਨੌਰਾਤਿਆਂ ਵਿੱਚ

47. ਛਪਾਰ ਦਾ ਮੇਲਾ ਕਿਸ ਨਾਲ ਸੰਬੰਧਿਤ ਹੈ ?

(A) ਲਾਲ ਸ਼ਹਬਾਜ ਕਲੰਦਰ (B) ਸ਼ਾਹ ਹੁਸੈਨ

(C) ਗੁੱਗਾ ਪੀਰ (D) ਬਾਲਕ ਨਾਥ

48. ਲੋਕਯਾਨਿਕ ਸਮੱਗਰੀ ਦੇ ਵਰਗੀਕਰਣ ਦਾ ਵਿਗਿਆਨਕ ਅਧਾਰ ਹੈ :

(A) ਕਾਲਗਤ (B) ਵਿਸ਼ਾਗਤ

(C) ਪ੍ਰਗਟਾਅ ਮਾਧਿਅਮ (D) ਰੂਪਗਤ

49. ਕਣਕ ਖੇਤ ਕੁੜੀ ਪੇਟ ਆ ਜਵਾਈਆ ਮੰਡੇ ਖਾ' ਦਾ ਸੰਬੰਧ ਕਿਸ ਰੂਪ ਨਾਲ ਹੈ ?

(A) ਬੁਝਾਰਤ (B) ਅਖਾਣ

(C) ਮੁਹਾਵਰਾ (D) ਬਾਤ

50. ਬਾਂਹ ਦੇ ਗਹਿਣੇ ਹਨ :

(A) ਕੈਂਠਾ, ਹਮੇਲ, ਤਵੀਤ

(B) ਆਰਸੀ, ਗੋਖੜੂ, ਗਜਰਾ

(C) ਬਿਛੂਆ, ਪੰਜੇਬ, ਝਾਂਜਰ

(D) ਮੁੰਦਰੀ, ਕਲੀਚੜੀ, ਛੱਲਾ

**ROUGH WORK**

## ROUGH WORK